Exam. Code : 108501
Subject Code : 2779

## B.Com. 1st Semester

## PUNJABI COMPULSORY

## Paper–BCG–102 (i)

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. 'ਸਿਦਕਾਂ ਵਾਲਿਆਂ ਦੇ ਬੇੜੇ ਪਾਰ ਨੇ' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।

ਜਾਂ

'ਖ਼ੈਰ ਪੰਜਾਬੀ ਦੀ' ਕਵਿਤਾ ਦਾ ਸਾਰ। 10

2. 'ਸੋਭਾ ਸਿੰਘ' ਰੇਖਾ-ਚਿੱਤਰ ਦੇ ਆਧਾਰ 'ਤੇ ਸੋਭਾ ਸਿੰਘ ਦੀ ਸ਼ਖ਼ਸ਼ੀਅਤ ਦੇ ਗੁਣ ਦੱਸੋ।

ਜਾਂ

'ਪ੍ਰਿਥਵੀਰਾਜ ਕਪੂਰ' ਰੇਖਾ-ਚਿੱਤਰ ਦਾ ਸਾਰ ਲਿਖੋ। 10

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਪਰ ਪੈਰ੍ਹਾ ਰਚਨਾ ਕਰੋ :

(1) ਦੀਵਾਲੀ

(2) ਗੁਰੂ ਨਾਨਕ ਦੇਵ ਜੀ

(3) ਫੈਸ਼ਨ। 5

4. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

ਨੌਵੇਂ ਸਤਿਗੁਰੂ ਧਰਮ ਦੀ ਮੂਰਤਿ ਸਨ। ਉਸਰ ਰਹੇ ਨਵੇਂ ਸਮਾਜ ਨੂੰ ਉਨ੍ਹਾਂ ਨੇ ਆਤਮ ਤਿਆਗ ਅਤੇ ਪਰਉਪਕਾਰ ਦਾ ਸਬਕ



weeklypoetry.com

ਚਾਂਦਨੀ ਚੌਂਕ ਦਿੱਲੀ ਵਿੱਚ ਸੀਸ ਭੇਟ ਕਰਕੇ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਇਸ ਮਹਾਨ ਵਿਰਸੇ ਦੇ **ਉੱਤਰਧਿਕਾਰੀ** ਸਨ। ਸੰਗਤ, ਪੰਗਤ, ਸੰਗਠਨ, ਕੇਂਦਰੀ ਸਥਾਨ, ਸ਼ਬਦ ਬੋਹਿਥ, ਗੁਰੂ ਗ੍ਰੰਥ ਸਾਹਿਬ, ਸੰਜਮ, **ਬਿਬੇਕ** ਤੇ ਪਰਉਪਕਾਰ ਨੌਂ ਨਿਧਾਂ ਦਾ ਭੰਡਾਰ ਇਹਨਾਂ ਦਾ ਅਮੁੱਲ **ਵਿਰਸਾ** ਸੀ। ਇਸ ਅਮੁੱਲ ਵਿਰਸੇ ਅਤੇ ਪ੍ਰਭੂ ਦੀ ਇੱਕੋ ਇੱਕ ਓਟ ਉੱਤੇ ਅਟਲ ਵਿਸ਼ਵਾਸ ਰੱਖਦਿਆਂ ਹੋਇਆਂ ਆਪ ਨੇ ਖ਼ਾਲਸਾ ਪੰਥ ਦੀ ਅਗਵਾਈ ਕੀਤੀ।

(1) ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦੀ ਅਗਵਾਈ ਕਿਵੇਂ ਕੀਤੀ ?

(2) ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਨੂੰ ਕੀ ਸਿੱਖਿਆ ਦਿੱਤੀ ?

(3) ਇਹਨਾਂ ਦਾ ਅਮੁੱਲ ਵਿਰਸਾ ਕੀ ਹੈ ?

(4) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(5) ਮੋਟੇ ਸ਼ਬਦਾਂ ਦੇ ਅਰਥ ਲਿਖੋ। 5

5. ਭਾਸ਼ਾ ਅਤੇ ਉਪ-ਭਾਸ਼ਾ ਦੀ ਪਰਿਭਾਸ਼ਾ ਦੱਸਦੇ ਹੋਏ ਦੋਵਾਂ ਵਿੱਚ ਅੰਤਰ ਸਪਸ਼ਟ ਕਰੋ। 10

6. ਹੇਠ ਲਿਖੇ ਚਾਰ ਪ੍ਰਸ਼ਨਾਂ ਵਿੱਚੋਂ **ਦੋ** ਦੇ ਉੱਤਰ ਲਿਖੋ :

(1) ਭਾਸ਼ਾ ਦੇ ਟਕਸਾਲੀ ਰੂਪ ਦੀ ਪਰਿਭਾਸ਼ਾ ਦੱਸਦੇ ਹੋਏ ਵਿਸ਼ੇਸ਼ਤਾਈਆਂ ਦੱਸੋ।

(2) ਭਾਸ਼ਾ ਦੇ ਪਹਿਲੀ ਭਾਸ਼ਾ ਦੇ ਤੌਰ 'ਤੇ ਅਧਿਆਪਨ ਦੀਆਂ ਵਿਸ਼ੇਸ਼ਤਾਈਆਂ ਦੱਸੋ।

(3) ਭਾਸ਼ਾ ਦੇ ਦੂਜੀ ਭਾਸ਼ਾ ਦੇ ਤੌਰ 'ਤੇ ਅਧਿਆਪਨ ਨਾਲ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਦੱਸੋ।

(4) ਭਾਸ਼ਾ ਦੇ ਦੂਜੀ ਭਾਸ਼ਾ ਦੇ ਤੌਰ 'ਤੇ ਅਧਿਆਪਨ ਦੀਆਂ ਵਿਸ਼ੇਸ਼ਤਾਈਆਂ ਦੱਸੋ। $5 \times 2 = 10$



weeklypoetry.com